**Series : X4YZW**

**SET ~ 4**

Roll No.

| | | | | | | | |
|---|---|---|---|---|---|---|---|
| | | | | | | | |

**Q.P. Code 4**

Candidates must write the Q.P. Code on the title page of the answer-book.

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* | *ਪੂਰਨ ਅੰਕ : **80***

*Time allowed : **3** hours* | *Maximum Marks : **80***

| **ਨੋਟ / NOTE** | # |
|---|---|
| (I) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **7** ਪੰਨੇ ਹਨ । Please check that this question paper contains **7** printed pages. |
| (II) | ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ । Q.P. Code given on the right hand side of the question paper should be written on the title page of the answer-book by the candidate. |
| (III) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **12** ਪ੍ਰਸ਼ਨ ਹਨ । Please check that this question paper contains **12** questions. |
| (IV) | **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ । Please write down the Serial Number of the question in the answer-book at the given place before attempting it.** |
| (V) | ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ । 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period. |

***General Instructions :***

*Question paper is divided into four parts.*

*It has total 12 questions.*

***Part-I** : 1 Question no. 1*

***Part-II** : 2 Questions no. 2 and 3*

***Part-III** : 2 Questions no. 4 and 5*

***Part-IV** : 7 Questions no. 6 to 12*

*Attempt questions as per specific instructions.*

*Write question no. in answer-book before attempting it.*

***ਸਾਧਾਰਨ ਨਿਰਦੇਸ਼ :***

*ਪ੍ਰਸ਼ਨ ਪੱਤਰ ਵਿੱਚ ਕੁੱਲ ਚਾਰ ਭਾਗ ਹਨ ।*

*ਇਸ ਵਿੱਚੋਂ ਕੁੱਲ 12 ਪ੍ਰਸ਼ਨ ਹਨ ।*

***ਭਾਗ-I** : 1 ਪ੍ਰਸ਼ਨ ਨੰ. 1*

***ਭਾਗ-II** : 2 ਪ੍ਰਸ਼ਨ ਨੰ. 2 ਅਤੇ 3*

***ਭਾਗ-III** : 2 ਪ੍ਰਸ਼ਨ ਨੰ. 4 ਅਤੇ 5*

***ਭਾਗ-IV** : 7 ਪ੍ਰਸ਼ਨ ਨੰ. 6 ਤੋਂ 12 ਤੱਕ*

## ਭਾਗ-I : ਪੜ੍ਹਨ-ਕੌਸ਼ਲ
## PART-I : Reading Skills *8*

**1.** ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : *8×1=8*

ਸਾਲ ਵਿਚ ਛੇ ਰੁੱਤਾਂ ਦਾ ਆਉਣਾ-ਜਾਣਾ ਬਣਿਆ ਹੀ ਰਹਿੰਦਾ ਹੈ । ਕਦੀ ਅੱਤ ਦੀ ਗਰਮੀ, ਕਦੀ ਅੱਤ ਦੀ ਸਰਦੀ ਪੈਂਦੀ ਹੈ, ਪਰੰਤੂ ਜਦੋਂ ਬਸੰਤ ਰੁੱਤ ਆਉਂਦੀ ਹੈ, ਸਭ ਦੇ ਮਨ ਖਿੜ ਉਠਦੇ ਹਨ । ਲੋਕ ਇਸ ਠੰਢੀ-ਮਿੱਠੀ ਰੁੱਤ ਦਾ ਖੂਬ ਅਨੰਦ ਮਾਣਦੇ ਹਨ । ਦਸੰਬਰ ਅਤੇ ਜਨਵਰੀ ਦੇ ਮਹੀਨੇ ਅੱਤ ਦੀ ਸਰਦੀ ਵਿੱਚ ਲੋਕ ਪਾਲੇ ਨਾਲ ਠੁਰ-ਠੁਰ ਕਰਦੇ ਹਨ । ਧੁੰਦਾਂ ਐਨੀਆਂ ਪੈਂਦੀਆਂ ਹਨ ਕਿ ਕੁਝ ਵੀ ਵਿਖਾਈ ਨਹੀਂ ਦਿੰਦਾ । ਲੋਕ ਆਪਣੇ ਘਰਾਂ ਅੰਦਰ ਦੁਬਕ ਕੇ ਬੈਠ ਜਾਂਦੇ ਹਨ । ਉਸ ਸਮੇਂ ਲੋਕ ਇੱਕ ਠੰਢੀ-ਮਿੱਠੀ ਜਿਹੀ ਰੁੱਤ ਭਾਵ ਬਸੰਤ ਰੁੱਤ ਦੀ ਉਡੀਕ ਕਰਦੇ ਹਨ । ਲੋਕਾਂ ਦੀ ਪੁਕਾਰ ਸੁਣ ਕੇ 'ਬਸੰਤ' ਉਹਨਾਂ ਦੇ ਬੂਹੇ ਤੇ ਦਸਤਕ ਦਿੰਦੀ ਹੈ । ਇਹ ਰੁੱਤ ਫਰਵਰੀ ਦੇ ਸ਼ੁਰੂ ਵਿੱਚ ਆਉਂਦੀ ਹੈ । ਲੋਕ ਗਰਮ ਕੱਪੜੇ ਲਾਹ ਕੇ ਹਲਕੇ-ਹਲਕੇ ਕੱਪੜੇ ਪਹਿਨਦੇ ਹਨ । ਸਾਰੇ ਪਛੂ-ਪੰਛੀ ਉਡਾਰੀਆਂ ਮਾਰਨ ਲੱਗਦੇ ਹਨ । ਕੋਹਰੇ ਬਾਅਦ ਸਾਰੇ ਰੁੱਖਾਂ ਤੇ ਬਹਾਰ ਆਉਣ ਲੱਗਦੀ ਹੈ ਤੇ ਛੋਟੀਆਂ-ਛੋਟੀਆਂ ਕਰੂੰਬਲਾਂ, ਹਰੀ ਪੱਤੀਆਂ ਫੁੱਟਣ ਲੱਗਦੀਆਂ ਹਨ । ਅੰਬਾਂ 'ਤੇ ਬੂਰ ਪੈਣ ਲੱਗਦਾ ਹੈ ਤੇ ਕੋਇਲ ਬਾਗਾਂ ਵਿੱਚ ਆ ਕੇ ਚਹਿਕਣ ਲੱਗਦੀ ਹੈ । ਬਸੰਤ ਦੇ ਮੌਸ਼ਮ ਵਿੱਚ 'ਬਸੰਤ ਪੰਚਮੀ' ਦੇ ਤਿਉਹਾਰ ਦਾ ਬਹੁਤ ਮਹੱਤਵ ਹੁੰਦਾ ਹੈ । ਪੰਜਾਬ ਦੇ ਇਤਿਹਾਸਕ ਸ਼ਹਿਰ 'ਛੇਹਰਾਟਾ' ਵਿਖੇ ਬਸੰਤ-ਪੰਚਮੀ ਦਾ ਭਾਰੀ ਮੇਲਾ ਲੱਗਦਾ ਹੈ । ਬਟਾਲੇ ਵਿਖੇਂ 'ਵੀਰ ਹਕੀਕਤ ਰਾਏ'

ਦੀ ਸਮਾਧ 'ਤੇ ਵੀ ਮੇਲਾ ਲੱਗਦਾ ਹੈ । ਬਸੰਤੀ ਰੰਗ ਸਭ ਪਾਸੇ ਛਾ ਜਾਂਦਾ ਹੈ । ਖੇਤਾਂ ਵਿੱਚ ਪੀਲੇ-ਪੀਲੇ ਸਰ੍ਹੋਂ ਦੇ ਖੇਤ ਲਹਿਰਾਉਂਦੇ ਹੋਏ ਸਭ ਦਾ ਮਨ ਮੋਹ ਲੈਂਦੇ ਹਨ । ਲੋਕ ਬਸੰਤੀ ਰੰਗ ਦੇ ਕੱਪੜੇ ਪਹਿਨਦੇ ਤੇ ਪੀਲੇ ਪਕਵਾਨ ਪਕਾਉਂਦੇ ਹਨ । ਅਸਮਾਨ ਰੰਗ-ਬਰੰਗੀਆਂ ਪਤੰਗਾਂ ਨਾਲ ਭਰਿਆ ਵਿਖਾਈ ਦਿੰਦਾ ਹੈ । ਪੰਜਾਬ ਦੇ ਫਿਰੋਜ਼ਪੁਰ ਸ਼ਹਿਰ ਵਿਖੇ ਪਤੰਗਬਾਜੀ ਦੇ ਮੁਕਾਬਲੇ ਕਰਵਾਏ ਜਾਂਦੇ ਹਨ । ਇਸ ਰੁੱਤ ਵਿੱਚ ਸਵੇਰੇ ਸੈਰ ਕਰਨ ਨਾਲ ਸਰੀਰ ਵਿੱਚ ਤਾਜ਼ਗੀ ਤੇ ਨਵੇਂ ਖੂਨ ਦਾ ਸੰਚਾਰ ਹੁੰਦਾ ਹੈ । ਬਸੰਤ-ਰੁੱਤ ਸਭ ਲਈ ਖੁਸ਼ੀਆਂ ਲੈ ਕੇ ਆਉਂਦੀ ਹੈ ।

(i) ਸਾਲ ਵਿੱਚ ਕਿੰਨੀਆਂ ਰੁੱਤਾਂ ਆਉਂਦੀਆਂ ਹਨ ?
- (A) ਚਾਰ
- (B) ਪੰਜ
- (C) ਛੇ
- (D) ਅੱਠ

(ii) ਕੜਾਕੇ ਦੀ ਠੰਢ ਤੋਂ ਬਾਅਦ ਸਭ ਦੇ ਮਨ ਕਦੋਂ ਖਿੜ ਉਠਦੇ ਹਨ ?
- (A) ਬਾਰਸ਼ ਆਉਣ 'ਤੇ
- (B) ਧੁੱਪ ਨਿਕਲਣ 'ਤੇ
- (C) ਹਵਾ ਚੱਲਣ 'ਤੇ
- (D) ਬਸੰਤ ਰੁੱਤ ਆਉਣ 'ਤੇ

(iii) ਪੰਜਾਬ ਦੇ ਕਿਹੜੇ ਇਤਿਹਾਸਕ ਸ਼ਹਿਰ ਵਿਚ ਬਸੰਤ-ਪੰਚਮੀ ਦਾ ਮੇਲਾ ਲੱਗਦਾ ਹੈ ?
- (A) ਛੇਹਰਾਟਾ ਵਿਖੇ
- (B) ਜਲੰਧਰ ਵਿਖੇ
- (C) ਹੁਸ਼ਿਆਰਪੁਰ ਵਿਖੇ
- (D) ਅਨੰਦਪੁਰ ਵਿਖੇ

(iv) ਬਟਾਲੇ ਵਿਖੇ ਕਿਸ ਦੀ ਸਮਾਧ 'ਤੇ ਮੇਲਾ ਲੱਗਦਾ ਹੈ ?
- (A) ਪੀਰਾਂ ਦੀ
- (B) ਵੀਰ ਹਕੀਕਤ ਰਾਏ ਦੀ
- (C) ਸ਼ਿਵ ਕੁਮਾਰ ਦੀ
- (D) ਭਗਤ ਸਿੰਘ ਦੀ

(v) ਬਸੰਤ ਰੁੱਤ ਕਿਹੜੇ ਮਹੀਨੇ ਆਉਂਦੀ ਹੈ ?
- (A) ਜਨਵਰੀ ਵਿੱਚ
- (B) ਫਰਵਰੀ ਵਿੱਚ
- (C) ਮਾਰਚ ਵਿੱਚ
- (D) ਅਪ੍ਰੈਲ ਵਿੱਚ

(vi) 'ਬਸੰਤ ਪੰਚਮੀ' ਵਾਲੇ ਦਿਨ ਅਸਮਾਨ ਕਿਸ ਨਾਲ ਭਰਿਆ ਦਿਖਾਈ ਦਿੰਦਾ ਹੈ ?
- (A) ਤਾਰਿਆਂ ਨਾਲ
- (B) ਬੱਦਲਾਂ ਨਾਲ
- (C) ਪੰਛੀਆਂ ਨਾਲ
- (D) ਪਤੰਗਾਂ ਨਾਲ

(vii) ਬਸੰਤ ਰੁੱਤ ਸਮੇਂ ਕਿਹੜੇ ਪੰਛੀ ਦੇ ਚਹਿਕਣ ਦੀ ਅਵਾਜ ਸੁਣਾਈ ਦਿੰਦੀ ਹੈ ?
- (A) ਕੋਇਲ ਦੀ
- (B) ਚਿੜੀ ਦੀ
- (C) ਬੁਲ-ਬੁਲ ਦੀ
- (D) ਮੋਰਨੀ ਦੀ

(viii) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਕੀ ਹੋ ਸਕਦਾ ਹੈ ?
- (A) ਸਰਦ ਰੁੱਤ
- (B) ਵਰਖਾ ਰੁੱਤ
- (C) ਬਸੰਤ ਰੁੱਤ
- (D) ਪਤਝੜ ਰੁੱਤ

## ਭਾਗ-II : ਪ੍ਰਭਾਵਸ਼ਾਲੀ ਲਿਖਣ-ਕੌਸ਼ਲ

## PART-II : Writing Skills *8+7=15*

**2.** (a) ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ । ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਕਿਸੇ ਨਜ਼ਦੀਕੀ ਬੈਂਕ ਤੋਂ ਸ੍ਵੈ ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ-ਪ੍ਰਬੰਧਕ ਨੂੰ ਪੱਤਰ ਲਿਖੋ । *8*

**ਜਾਂ (OR)**

(b) ਤੁਹਾਡੇ ਇਲਾਕੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋਂ-ਦਿਨ ਵੱਧ ਰਹੀ ਹੈ ਜਿਸ ਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ ।

**3.** ਕਿਸੇ ਇੱਕ ਵਿਸ਼ੇ ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ ਰਚਨਾ ਕਰੋ : *7*

(a) ਪਰਿਵਾਰਿਕ ਰਿਸ਼ਤੇ

**ਜਾਂ (OR)**

(b) ਕੁਦਰਤ ਕਹਿਰਵਾਨ ਜਾਂ ਮਨੁੱਖ ਬੇਈਮਾਨ

## ਭਾਗ-III : ਵਿਹਾਰਕ ਵਿਆਕਰਨ

## PART-III : Grammar *3+10=13*

**4.** **ਵਾਕ-ਵਟਾਂਦਰਾ**

ਹੇਠ ਲਿਖੇ ਵਾਕਾਂ ਵਿਚੋਂ ਕਿਸੇ ***ਤਿੰਨ*** *(any* ***three****)* ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ : *3×1=3*

(i) ਆਹਾ ! ਅਸੀਂ ਮੈਚ ਜਿੱਤ ਗਏ । (ਸਧਾਰਨ ਵਾਕ ਬਣਾਉ)

(ii) ਹਮੇਸ਼ਾ ਗੁਆਂਢੀਆਂ ਨਾਲ ਬਣਾ ਕੇ ਰੱਖੋ । (ਨਾਂਹ ਵਾਚਕ ਵਾਕ ਬਣਾਉ)

(iii) ਕਸਰਤ ਦੇ ਕੀ ਲਾਭ ਹਨ ? (ਸਧਾਰਨ ਵਾਕ ਬਣਾਉ)

(iv) ਮੈਂ ਘਰ ਪੁੱਜਾ ਤੇ ਹਨੇਰਾ ਪੈ ਗਿਆ । (ਮਿਸ਼ਰਤ ਵਾਕ ਬਣਾਉ)

**5.** **ਅਖਾਣ/ਅਖਾਉਤਾਂ**

ਹੇਠ ਦਿੱਤੇ ਗਏ ਅਖਾਣਾਂ ਵਿਚੋਂ ਕਿਸੇ ***ਪੰਜ*** *(any* ***five****)* ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪੱਸ਼ਟ ਹੋ ਜਾਵੇ : *5×2=10*

(i) ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ

(ii) ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ

(iii) ਘਰ ਦਾ ਸੜਿਆ ਵਣ ਗਿਆ, ਵਣ ਨੂੰ ਲੱਗੀ ਅੱਗ

(iv) ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ

(v) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ

(vi) ਵਿੱਦਿਆ ਵੀਚਾਰੀ ਤਾਂ ਪਰਉਪਕਾਰੀ

## ਭਾਗ-IV : ਸਾਹਿਤ (ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ)

## PART–IV : Text-Book Based Questions *8+4+6+5+8+5+8=44*

**ਕਵਿਤਾਵਾਂ ਵਿੱਚੋਂ :**

**6.** ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** *(any **one**)* ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *3+5=8*

(a) ਸਾਡੇ ਵਿਹੜੇ ਮਰੀ ਕਹਾਣੀ
ਇੱਕ ਸੀ ਰਾਜਾ, ਇੱਕ ਸੀ ਰਾਣੀ
ਕਦੀ-ਕਦੀ ਮੇਰੀ ਮਾਂ ਆਖੇ :
'ਵੇ ਮੇਰੇ ਦੁੱਖ-ਦਰਦ ਦੇ ਹਾਣੀ'
ਮੇਰੀ ਹਿੱਕ ਨੂੰ ਲੱਗ ਕੇ ਸੌਂ ਜਾ
ਜਿਸ ਥਾਂਉਂ ਤੇਰਾ ਬਾਪ ਸਿਧਾਇਆ
ਉਸ ਥਾਂਵੇਂ ਕੋਈ ਪਾਪ ਨ ਆਵੇ ।

**ਜਾਂ (OR)**

(b) ਏਦਾਂ ਮਜਦੂਰਾਂ ਦੀ ਝਾਕੀ, ਜਦ ਮੈਨੂੰ ਦਿਸ ਆਈ,
ਨਾਲ ਪੀੜ ਦੇ ਕਲਵਲ ਹੋ ਕੇ, ਰੂਹ ਮੇਰੀ ਕੁਰਲਾਈ ।
ਕੀ ਉਹ ਹੁਸਨ-ਹੁਸਨ ਹੈ ਸੱਚਮੁੱਚ, ਜਾਂ ਉਂਜੇ ਹੀ ਛਲਦਾ,
ਲੱਖ ਗਰੀਬਾਂ ਮਜਦੂਰਾਂ ਦੇ, ਹੰਝੂਆਂ 'ਤੇ ਜੋ ਪਲਦਾ ?

**7.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *4×1=4*

(i) ਸ਼ਿਵ ਕੁਮਾਰ ਬਟਾਲਵੀ ਦੇ ਗੀਤ ਦੀ ਮੂਲ ਸੁਰ ਹੈ :
(A) ਚੜ੍ਹਦੀ ਕਲਾ (B) ਉਦਾਸ
(C) ਰੁਮਾਂਟਿਕ (D) ਬਾਗ਼ੀਆਨਾ

(ii) 'ਅਮ੍ਰਿਤਾ ਪ੍ਰੀਤਮ' ਦੀ ਕਵਿਤਾ 'ਵਾਰਸ ਸ਼ਾਹ' ਵਿਚ ਕਿਹੜੇ ਸਾਲ ਦਾ ਦੁਖਾਂਤਕ ਚਿਤਰਨ ਹੈ ?
(A) 1914 ਦਾ (B) 1965 ਦਾ
(C) 1857 ਦਾ (D) 1947 ਦਾ

(iii) 'ਮੇਰਾ ਬਚਪਨ' ਕਵਿਤਾ ਵਿੱਚ ਮੂਲ ਰੂਪ ਵਿੱਚ ਕਿਹੜਾ ਰਿਸ਼ਤਾ ਵਿਚਰਦਾ ਨਜ਼ਰ ਆਉਂਦਾ ਹੈ ?
(A) ਪਿਉ-ਧੀ ਦਾ (B) ਪਿਉ-ਪੁੱਤ ਦਾ
(C) ਮਾਂ-ਪੁੱਤ ਦਾ (D) ਭੈਣ-ਭਰਾ ਦਾ

(iv) 'ਤਾਜ ਮਹਲ' ਕਵਿਤਾ ਪੜ੍ਹ ਕੇ ਕਵੀ ਦੀ ਹਮਦਰਦੀ ਕਿਸ ਧਿਰ ਵੱਲ ਜਾਪਦੀ ਹੈ ?
(A) ਸੋਸ਼ਿਤ ਧਿਰ ਵੱਲ (B) ਸਮਾਜਿਕ ਧਿਰ ਵੱਲ
(C) ਸ਼ਾਸਕ ਧਿਰ ਵੱਲ (D) ਰਾਜਨੀਤਕ ਧਿਰ ਵੱਲ

**ਕਹਾਣੀਆਂ ਵਿੱਚੋਂ :**

**8.** (a) 'ਪ੍ਰੋ: ਐਮ.ਐਲ. ਮਲਹੋਤਰਾ' ਦਾ 'ਸਾਂਝ' ਕਹਾਣੀ ਦੇ ਅਧਾਰ 'ਤੇ ਪਾਤਰ-ਚਿਤਰਨ 125 ਤੋਂ 150 ਸ਼ਬਦਾਂ ਵਿਚ ਲਿਖੋ । *6*

**ਜਾਂ (OR)**

(b) 'ਮਾੜਾ ਬੰਦਾ' ਕਹਾਣੀ ਦਾ ਵਿਸ਼ਾ-ਵਸਤੂ 125 ਤੋਂ 150 ਸ਼ਬਦਾਂ ਵਿਚ ਲਿਖੋ ।

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ : *5×1=5*

(i) ਨੀਲੀ ਕਹਾਣੀ ਵਿਚ ਨੀਲੀ ਕੌਣ ਹੈ ?
(A) ਲੇਖਕ ਦੀ ਪਤਨੀ (B) ਗਵਾਲੇ ਦੀ ਗਾਂ
(C) ਗਵਾਲੇ ਦੀ ਪਤਨੀ (D) ਗਾਂ ਦੀ ਵੱਛੀ

(ii) ਜੀਤੋ ਦੀ ਗੂੜ੍ਹੀ ਸਹੇਲੀ ਨੇ ਜੀਤੋ ਦੇ ਵੀਰ ਨੂੰ ਰੋ ਰੋ ਕੇ ਕੀ ਕਿਹਾ ?
(A) ਜੀਤੋ ਦੇ ਨਾਲ ਜਾਣ ਲਈ (B) ਰਿਸ਼ਤਾ ਤੋੜਨ ਲਈ
(C) ਸਹੁਰੇ ਲਾਲਚੀ ਨੇ (D) ਦਾਜ ਨਾ ਦੇਣ ਲਈ

(iii) 'ਮਾੜਾ ਬੰਦਾ' ਕਹਾਣੀ ਵਿਚ 'ਮਾੜਾ ਬੰਦਾ' ਕਿਸਨੂੰ ਕਿਹਾ ਗਿਆ ਹੈ ?
(A) ਲੇਖਕ ਨੂੰ (B) ਨੌਕਰ ਨੂੰ
(C) ਦੁਕਾਨਦਾਰ ਨੂੰ (D) ਰਿਕਸ਼ੇ ਵਾਲੇ ਨੂੰ

(iv) ਲੇਖਕ ਕਿਸਨੂੰ ਚਿੱਠੀ ਲਿਖਣ ਦਾ ਯਤਨ ਕਰ ਰਿਹਾ ਸੀ ?
(A) ਮਾਮੀ ਦੇ ਪੁੱਤ ਨੂੰ (B) ਚਾਚੇ ਦੇ ਪੁੱਤ ਨੂੰ
(C) ਮਾਮੇ ਦੇ ਪੁੱਤ ਨੂੰ (D) ਭੂਆ ਦੇ ਪੁੱਤ ਨੂੰ

(v) ਲਾਲ ਚੀਰੇ ਵਾਲਾ ਕਿਹੜੀ ਕਹਾਣੀ ਦਾ ਪਾਤਰ ਹੈ ?
(A) ਨੀਲੀ (B) ਮਾੜਾ ਬੰਦਾ
(C) ਸਾਂਝ (D) ਘਰ ਜਾ ਆਪਣੇ

**10.** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ***ਚਾਰ*** *(any **four**)* ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿਚ ਲਿਖੋ : *4×2=8*

(i) ਰਿਕਸ਼ੇ ਵਾਲੇ ਦਾ ਹੁਲੀਆ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ ।

(ii) ਅਨੰਦ-ਕਾਰਜ ਕਰਾਉਣ ਵਾਲੇ ਭਾਈ ਜੀ ਜੀਤੋ ਨੂੰ ਕੀ ਸਿੱਖਿਆ ਦੇ ਰਹੇ ਸਨ ?

(iii) ਵੱਛੀ ਦੇ ਮਰਨ 'ਤੇ ਨੀਲੀ ਦੁੱਧ ਕਿਉਂ ਨਹੀਂ ਸੀ ਦੇ ਰਹੀ ?

(iv) ਪ੍ਰੋ: ਐਮ.ਐਲ. ਮਲੋਤਰਾ ਦੀ ਲਾਲ ਚੀਰੇ ਵਾਲੇ ਸਾਈਕਲ ਸਵਾਰ ਦੇ ਪੱਥਰ ਦਿਲ ਹੋਣ ਦੀ ਧਾਰਨਾ ਕਿਉਂ ਬਦਲ਼ ਗਈ ?

(v) ਤੁਹਾਡੀ ਸਮਝ ਅਨੁਸਾਰ, ਰਿਕਸ਼ੇ ਵਾਲੇ ਨੂੰ ਤਿੰਨ ਰੁਪਏ ਲੈਣ ਲਈ ਕੀ ਕਰਨਾ ਚਾਹੀਦਾ ਸੀ ?

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ** *5+8=13*

**11.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਪੰਜਾਬੀਆਂ ਵਿਚ ਕਿਹੜਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਹੈ ?

(A) ਘੁੰਮਣ ਦਾ (B) ਕੁਰਬਾਨੀ ਦੇਣ ਦਾ

(C) ਬਦਲੇ ਲੈਣ ਦਾ (D) ਈਰਖਾ ਦਾ

(ii) ਛਪਾਰ ਦਾ ਮੇਲਾ ਕਿਸ ਦੀ ਯਾਦ ਵਿਚ ਲਗਦਾ ਹੈ ?

(A) ਗੁੱਗੇ ਦੀ (B) ਮਾਤਾ ਦੀ

(C) ਖਿਡਾਰੀਆਂ ਦੀ (D) ਸ਼ਹੀਦਾਂ ਦੀ

(iii) ਕਿੰਨੇ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ ?

(A) ਦਸ (B) ਪੰਦਰਾਂ

(C) ਵੀਹ (D) ਚਾਲ਼ੀ

(iv) ਵਿਆਹ ਵਿਚ ਵਰੀ ਦੀ ਰਸਮ ਕੌਣ ਨਿਭਾਉਂਦੇ ਹਨ ?

(A) ਨਾਨਕੇ (B) ਮੁੰਡੇ ਵਾਲੇ

(C) ਕੁੜੀ ਵਾਲੇ (D) ਦਾਦਕੇ

(v) ਬੈਠ ਕੇ ਖੇਡਣ ਵਾਲੀ ਖੇਡ ਕਿਹੜੀ ਹੈ ?

(A) ਕਬੱਡੀ (B) ਅੱਡੀ-ਛੜੱਪਾ

(C) ਸ਼ਤਰੰਜ (D) ਸ਼ੱਕਰ-ਭਿੱਜੀ

**12.** ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ ***ਦੋ*** *(any **two**)* ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿਚ ਲਿਖੋ : *2×4=8*

(i) ਪੰਜਾਬ ਦੀਆਂ ਲੋਕ-ਖੇਡਾਂ ਤੋਂ ਕੀ ਭਾਵ ਹੈ ?

(ii) 'ਸਾਹਾ ਕਢਾਉਣਾ ਅਤੇ ਸਾਹੇ ਚਿੱਠੀ ਭੇਜਣਾ' ਰਸਮ ਬਾਰੇ 'ਪੰਜਾਬ ਦੇ ਰਸਮ ਰਿਵਾਜ਼' ਪਾਠ ਦੇ ਆਧਾਰ 'ਤੇ ਦੱਸੋ ।

(iii) ਪੰਜਾਬ ਵਿੱਚ ਤਿੱਥਾਂ ਨਾਲ ਸਬੰਧਿਤ ਕਿਹੜੇ-ਕਿਹੜੇ ਤਿਉਹਾਰ ਮਨਾਏ ਜਾਂਦੇ ਹਨ ?